Calgary Board of Education

1221 – 8 Street S.W., Calgary, AB T2R OL4

cbe.ab.ca

ਸਕੂਲ ਦਾ 2014–2015 ਦਾ ਸਾਲ

*ਤੁਹਾਡੇ ਬੱਚੇ ਲਈ ਵਧੇਰੇ ਸਹਾਇਤਾਵਾਂ*
*(Enhanced Supports for your child.)*

ਕਿੰਡਰਗਾਰਟਨ ਦੇ ਬੱਚਿਆਂ ਦੇ ਸਤਿਕਾਰ ਯੋਗ ਮਾਪਿਓ ਅਤੇ ਸਰਪਰਸਤੋ,
ਵਿਸ਼ਾ: ਕੈਲਗਰੀ ਬੋਰਡ ਔਫ ਐਜੂਕੇਸ਼ਨ ਦੇ ਕਿੰਡਰਗਾਰਟਨ ਪ੍ਰੋਗਰਾਮ ਲਈ ਵਧੇਰੇ ਸਹਾਇਤਾਵਾਂ

ਕੈਲਗਰੀ ਬੋਰਡ ਔਫ ਐਜੂਕੇਸ਼ਨ (ਸੀ.ਬੀ.ਈ.) ਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸਾਡੇ ਕਿੰਡਰਗਾਰਟਨ ਪ੍ਰੋਗਰਾਮ ਨੂੰ ਅਸੀਂ ਕਿੰਡਰਗਾਰਟਨ ਨੂੰ ਵਧੇਰੇ ਕਲਾਸਰੂਮ ਉਪਲਬਧ ਕਰਵਾ ਕੇ ਮਦਦ ਕਰ ਰਹੇ ਹਾਂ। ਐਲਬਰਟਾ ਐਜੂਕੇਸ਼ਨ ਤੋਂ ਫੰਡਾਂ ਦੇ ਨਾਲ ਨਾਲ ਸੀ.ਬੀ.ਈ. ਦੀਆਂ ਸੇਵਾਵਾਂ ਦੀ ਮਦਦ ਨਾਲ ਸਹਾਇਤਾ, ਕਰਮਚਾਰੀਆਂ ਅਤੇ ਕਿੰਡਰਗਾਰਟਨ ਦੇ ਬੱਚਿਆਂ ਅਤੇ ਅਧਿਆਪਕਾਂ ਲਈ ਸਰੋਤਾਂ ਤੱਕ ਪਹੁੰਚ ਲਈ ਮੌਕਿਆਂ ਵਿਚ ਵਾਧਾ ਕੀਤਾ ਹੈ।

ਤੁਹਾਡੇ ਬੱਚੇ ਦੀ ਸਿੱਖਿਆ ਦੇ ਸਫਰ ਲਈ ਸਾਡੀ ਸਹਾਇਤਾ ਦੇ ਢਾਂਚੇ ਵਿਚ, ਜੀਵਨ ਦੇ ਮੁੱਢਲੇ ਸਾਲਾਂ ਦੀ ਵਿਕਾਸ ਲਈ ਨਾਜ਼ੁਕ ਸਮੇਂ ਵਜੋਂ ਮਹੱਤਤਾ ਦਾ ਅਕਸ ਨਜ਼ਰ ਆਉਂਦਾ ਹੈ। ਅਸੀਂ ਮੁੱਢਲੀ ਸਹਾਇਕ ਦਖਲ ਅਤੇ ਹਰ ਬੱਚੇ ਲਈ ਨਿੱਜੀ ਮਦਦ ਸਥਾਪਤ ਕਰਨ ਦੀ ਮਹੱਤਤਾ ਨੂੰ ਸਮਝਦੇ ਹਾਂ।

ਕਲਾਸਰੂਮ ਵਾਲਾ ਅਧਿਆਪਕ ਤੁਹਾਡੇ ਬੱਚੇ ਦੀ ਸਿੱਖਿਅਕ ਟੀਮ ਦਾ ਧੁਰਾ ਹੁੰਦਾ ਹੈ ਅਤੇ ਸਕੂਲ ਲਰਨਿੰਗ ਟੀਮ (ਸਕੂਲੀ ਸਿੱਖਿਅਕ ਟੀਮ) ਉਸਦੀ ਸਹਾਇਤਾ ਕਰਦੀ ਹੈ। ਕਲਾਸਰੂਮ ਦੀਆਂ ਲੋੜਾਂ ਅਨੁਸਾਰ, ਹਰ ਕਿੰਡਰਗਾਰਟਨ ਕਲਾਸਰੂਮ ਦੀ ਸਹਾਇਤਾ ਲਈ ਇਕ ਐਨਹਾਂਸਡ ਸਪੋਰਟਸ ਟੀਮ (ਵਧੇਰੇ ਮਜ਼ਬੂਤ ਸਹਾਇਕ ਟੀਮ) ਵੀ ਹੋਵੇਗੀ ਜਿਸ ਵਿਚ ਇਹ ਲੋਕ ਸ਼ਾਮਲ ਹੋ ਸਕਦੇ ਹਨ: ਐਜੂਕੇਸ਼ਨ ਅਸਿਸਟੈਂਟਸ (ਈ.ਏ.), ਸੀ.ਬੀ.ਈ.ਲਰਨਿੰਗ ਸਟਰੈਜਿਸਟ (ਸਿੱਖਿਆ ਦੀ ਕਾਰਜਨੀਤੀ ਦੇ ਮਾਹਰ), ਸ਼ੀ.ਬੀ.ਈ. ਦੇ ਸਪੀਚ-ਲੈਂਗੂਏਜ ਪਾਥੋਲੋਜਿਸਟ (ਐਸ.ਐਲ.ਪੀ.) ਅਤੇ ਅਸਿੱਸਟੈਂਟਸ (ਐਸ.ਐਲ.ਏ.) {ਬੋਲਣ ਅਤੇ ਭਾਸ਼ਾ ਵਿਚ ਕਮਜ਼ੋਰੀਆਂ ਦੂਰ ਕਰਨ ਵਾਲੇ ਵਿਸ਼ੇਸ਼ਗ ਅਤੇ ਉਨ੍ਹਾਂ ਦੇ ਸਹਾਇਕ}, ਅਤੇ ਐਲਬਰਟਾ ਹੈਲਥ ਸਰਵਿਸਿਜ਼ ਦੇ ਆਕੂਪੇਸ਼ਨਲ ਅਤੇ ਫਿਜ਼ਿਓਥੈਰੇਪਿਸਟ ਥੈਰੇਪਿਸਟਸ (ਓ.ਟੀ./ਪੀ.ਟੀ.) ਅਤੇ ਥੈਰਿਪੀ ਅਸਿਸਟੈਂਟ (ਟੀ.ਏ.) ਅਤੇ ਫੈਮਿਲੀ ਓਰੀਐਂਟਿਡ ਪ੍ਰੋਗਰਾਮਿੰਗ ਫੈਸਿਲੀਟੇਟਰਜ਼ (ਐਫ.ਓ.ਪੀ.){ਪਰਿਵਾਰਾਂ ਅਨੁਸਾਰ ਸਿੱਖਿਆ ਪ੍ਰੋਗਰਾਮ ਚਲਾਉਣ ਵਾਲੇ ਮਾਹਰ} ਅਤੇ ਸੀ.ਬੀ.ਈ. ਸਕੂਲ ਫੈਮਿਲੀ ਲਾਇਜ਼ਨ (ਐਸ.ਐਫ.ਐਲ.){ਪਰਿਵਾਰ ਨਾਲ ਮੇਲ-ਮਿਲਾਪ ਕਰਨ ਵਾਲਾ ਸਕੂਲ ਦਾ ਸਟਾਫ}। ਤੁਹਾਡੇ ਬੱਚੇ ਦੇ ਮੁਢਲੇ ਸਿੱਖਿਆ ਸਬੰਧੀ ਤਜਰਬੇ ਦੀ ਭਰਪੂਰਤਾ ਲਈ, ਇਹ ਸਾਰੇ ਟੀਮ ਮੈਂਬਰ, ਅਧਿਆਪਕਾਂ ਦੀ ਮਦਦ ਲਈ ਕੰਮ ਕਰਨਗੇ। ਇਹ ਕਲਾਸਰੂਮ ਵਿਚ ਬੱਚਿਆਂ ਦੇ ਛੋਟੇ ਅਤੇ ਵੱਡੇ ਗਰੁੱਪਾਂ ਨਾਲ ਕੰਮ ਕਰਨਗੇ।

ਸਭ ਤੋਂ ਪਹਿਲਾ ਕੰਮ ਹੁੰਦਾ ਹੈ, ਤੁਹਾਡੇ ਬੱਚੇ ਨੂੰ ਸਮਝਣਾ। ਇਸ ਪ੍ਰਕਿਰਿਆ ਦੇ ਹਿਸੇ ਵਜੋਂ ਸ਼ਾਮਲ ਹੁੰਦਾ ਹੈ, ਵਿਕਾਸ ਸਬੰਧੀ ਸਕਰੀਨਿੰਗ ਜਿਸ ਨੂੰ ਅਰਲੀ ਇਯਰਜ਼ ਇਵੈਲੂਏਸ਼ਨ (ਈ.ਵਾਈ.ਈ.) ਕਿਹਾ ਜਾਂਦਾ ਹੈ। ਇਸ ਸਾਧਨ ਨੂੰ ਲਾਗੂ ਕਰਨ ਲਈ ਅਸੀਂ ਐਲਬਰਟਾ ਐਜੂਕੇਸ਼ਨ ਨਾਲ ਭਾਈਵਾਲ ਹਾਂ। ਸਤੰਬਰ ਅਤੇ ਅਕਤੂਬਰ ਦੇ ਮੁੱਢਲੇ ਦਿਨਾਂ ਦੌਰਾਨ, ਔਨਲਾਈਨ ਟੂਲ (ਇੰਟਰਨੈੱਟ ਵਾਲਾ ਸਾਧਨ) ਦੀ ਮਦਦ ਨਾਲ ਕਿੰਡਰਗਾਰਟਨ ਅਧਿਆਪਕ ਨਿਗਰਾਨੀ ਸਬੰਧੀ ਆਂਕੜੇ ਇਕੱਠੇ ਅਤੇ ਦਰਜ ਕਰਦੇ ਹਨ ਅਤੇ ਇਸ ਸਾਧਨ ਨਾਲ ਲਰਨਿੰਗ ਟੀਮ ਨੂੰ ਤੁਹਾਡੇ ਬੱਚੇ ਦੀਆਂ ਸਿੱਖਣ ਸਬੰਧੀ ਮਜ਼ਬੂਤੀਆਂ ਨੂੰ ਸਮਝਣ ਵਿਚ ਮਦਦ ਮਿਲਦੀ ਹੈ ਅਤੇ ਉਨ੍ਹਾਂ ਖੇਤਰਾਂ, ਜਿਨ੍ਹਾਂ ਵਿਚ ਜ਼ਿਆਦਾ ਧਿਆਨ ਦੇ ਕੇ ਮਦਦ ਕਰਨ ਦੀ ਲੋੜ ਹੁੰਦੀ ਹੈ, ਉਨ੍ਹਾਂ ਨੂੰ ਵੀ ਸਮਝਣ ਵਿਚ ਮਦਦ ਮਿਲਦੀ ਹੈ। ਦਸੰਬਰ ਦੇ ਸ਼ੁਰੂ ਵਿਚ ਸਕਰੀਨਿੰਗ ਦੇ ਨਤੀਜੇ ਤੁਹਾਡੇ ਨਾਲ ਸਾਂਝੇ ਕੀਤੇ ਜਾਣਗੇ। ਮਾਪੇ ਹੋਣ ਦੇ ਨਾਤੇ, ਤੁਹਾਡੇ ਬੱਚੇ ਦੀ ਸਿੱਖਿਆ ਅਤੇ ਸਹਾਇਤਾ ਸਬੰਧੀ ਫੈਸਲਿਆਂ ਵਿਚ ਤੁਹਾਡਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਅਗਰ ਲਰਨਿੰਗ ਟੀਮ ਸਮਝਦੀ ਹੈ ਕਿ ਤੁਹਾਡੇ ਬੱਚੇ ਦੀ ਅਸੈਸਮੈਂਟ ਸਬੰਧੀ ਕਿਸੇ ਐਸ.ਐਲ.ਪੀ. ਜਾਂ ਓ.ਟੀ./ਪੀ.ਟੀ. ਤੋਂ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਦੀ ਲੋੜ ਹੈ; ਤਾਂ ਤੁਹਾਡੇ ਨਾਲ ਵਧੇਰੇ ਗਲਬਾਤ ਅਤੇ ਰਜ਼ਾਮੰਦੀ ਲਈ ਸੰਪਰਕ ਕੀਤਾ ਜਾਏਗਾ।
ਸੀ.ਬੀ.ਈ. ਨੂੰ ਇਨ੍ਹਾਂ ਬਹੁਤ ਹੀ ਉਤਮ ਸੇਵਾਵਾਂ ‘ਤੇ ਮਾਣ ਹੈ ਜਿਨ੍ਹਾਂ ਨਾਲ ਸਾਡੀਆਂ ਕਿੰਡਰਗਾਰਟਨ ਕਲਾਸਾਂ ਵਿਚ ਬੱਚਿਆਂ ਲਈ ਸਿੱਖਣ ਦੀ ਪ੍ਰਕਿਰਿਆ ਵਿਚ ਵਾਧਾ ਹੁੰਦਾ ਹੈ। ਸਾਡੇ ਲਈ ਮੁੱਢਲੀ ਸਿਖਿਆ ਦੇ ਦੌਰਾਨ ਮਦਦ ਬਹੁਤ ਹੀ ਮਹੱਤਵਪੂਰਨ ਹੈ। ਇਸ ਇਰਾਦੇ ਦਾ ਅਕਸ ਕਿੰਡਰਗਾਰਟਨ ਦੇ ਬੱਚਿਆ ਨਾਲ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਉਤਮਤਾ ਅਤੇ ਉਨ੍ਹਾਂ ਬੱਚਿਆਂ ਦੇ ਪਰਿਵਾਰਾਂ ਦੇ ਉਤਸਾਹ ਵਿਚ ਦਿਖਾਈ ਦਿੰਦਾ ਹੈ।ਅਸੀਂ ਵਿਦਿਆਰਥੀਆਂ ਦੀਆਂ ਕਿੰਡਰਗਾਰਟਨ ਅਤੇ ਉਸ ਤੋਂ ਅੱਗੇ ਦੀਆਂ ਪ੍ਰਾਪਤੀਆਂ ਅਤੇ ਕਾਮਯਾਬੀਆਂ ਦਾ ਜਸ਼ਨ ਮਿਲ-ਜੁਲ ਕੇ ਮਨਾ ਸਕਦੇ ਹਾਂ।

ਤੁਹਾਡੀ ਸ਼ੁਭਚਿੰਤਕ,

ਕੈਲਗਰੀ ਬੋਰਡ ਔਫ ਐਜੂਕੇਸ਼ਨ ਅਰਲੀ ਲਰਨਿੰਗ ਟੀਮ (ਮੁਢਲੀ ਸਿੱਖਿਆ ਟੀਮ)
ਲਰਨਿੰਗ ਸਰਵਿਸਿਜ਼ (ਸਿੱਖਿਆ ਸੇਵਾਵਾਂ)

Punjabi translation

**ਐਨਹਾਂਸਡ ਸਪੋਰਟਸ ਟੀਮ (ਵਧੇਰੇ ਮਜ਼ਬੂਤ ਸਹਾਇਕ ਟੀਮ)** {***Enhanced Supports Team}***

| ਕਿੱਤਾ | ਕਲਾਸਰੂਮ ਅਤੇ ਬੱਚੇ ਦੀ ਮਦਦ ਲਈ ਕਾਰਜ ਕੇਂਦਰ (Focus area of classroom and child support) |
|---|---|
| **ਅਰਲੀ ਲਰਨਿੰਗ ਸਟਰੈਜਿਸਟ** | ਸਬੰਧਤ ਏਰੀਏ ਵਿਚ ਅਧਿਆਪਕਾਂ ਦੀ ਮਦਦ ਲਈ ਕੰਮ ਕਰਦਾ ਹੈ:<br>• ਬੱਚੇ ਦੀਆਂ ਨਿੱਜੀ ਜਰੂਰਤਾਂ ਅਨੁਸਾਰ ਪੜ੍ਹਾਈ ਲਈ ਸਮੱਗਰੀ ਦੀ ਤਿਆਰੀ<br>• ਆਂਕਲਨ (ਅਸੈਸਮੈਂਟ) ਤੋਂ ਮਿਲੀ ਜਾਣਕਾਰੀ ਦਾ ਸਿੱਖਿਆ ਸਬੰਧੀ ਫੈਸਲਿਆਂ ਵਿਚ ਤਰਜਮਾ<br>• ਬੱਚਿਆਂ ਸਬੰਧੀ ਜਾਣਕਾਰੀ ਇਕੱਠੀ ਕਰਨਾ<br>• ਬੱਚਿਆਂ ਦੀ ਤਬਦੀਲੀਆਂ ਨਾਲ ਨਜਿੱਠਣ ਵਿਚ ਸਹਾਇਤਾ<br>• ਲੋੜੀਦੀਆਂ ਸਹਾਇਤਾਵਾਂ ਅਤੇ ਸੇਵਾਵਾਂ ਹਾਸਲ ਕਰਨਾ |
| **ਸਪੀਚ–ਲੈਂਗੂਏਜ ਪਾਥੋਲੋਜਿਸਟ (ਐਸ.ਐਲ.ਪੀ.)** | ਇਨ੍ਹਾਂ ਕੰਮਾਂ ਲਈ ਅਧਿਆਪਕਾਂ ਨਾਲ ਮਿਲ ਕੇ ਕੰਮ ਕਰਦਾ/ਕਰਦੀ ਹੈ:<br>• ਬੱਚਿਆਂ ਦੀ ਆਪਸੀ ਗੱਲਬਾਤ ਕਰਨ ਦੀ ਸਮਰੱਥਾ ਦਾ ਵਿਕਾਸ। ਇਸ ਵਿਚ ਸ਼ਾਮਲ ਹੋ ਸਕਦਾ ਹੈ ਬੋਲਣ ਵਾਲੀਆਂ ਅਵਾਜ਼ਾਂ, ਵਿਆਕਰਨ (ਗਰੈਮਰ), ਸ਼ਬਦਾਵਲੀ, ਅੱਖਰ ਗਿਆਨ, ਬੋਲਚਾਲ ਵਾਲੀ ਭਾਸ਼ਾ, ਸਮਾਜਕ ਮੇਲਜੋਲ ਸਬੰਧਤ ਨਿਪੁੰਨਤਾਵਾਂ ਜਾਂ ਥਥਲਾਹਟ। ਐਸ.ਐਲ.ਪੀ. ਕਲਾਸਰੂਮ ਵਿਚ ਵੱਡੇ ਜਾਂ ਛੋਟੇ ਗਰੁੱਪਾਂ, ਜਾਂ ਬੱਚਿਆਂ ਨਾਲ ਇਕੱਲੇ ਇਕੱਲੇ ਕੰਮ ਕਰਦੇ ਹਨ<br>• ਭਾਸ਼ਾ ਦੇ ਵਿਕਾਸ ਸਬੰਧੀ ਮਾਪਿਆਂ ਨੂੰ ਜਾਣਕਾਰੀ ਦੇਣਾ<br>• ਸੁਣਨ ਸਬੰਧੀ ਸਮੱਸਿਆਵਾਂ ਲਈ ਸਕਰੀਨਿੰਗ ਲਈ ਸਿਫਾਰਿਸ਼ ਕਰਨਾ |
| **ਸਪੀਚ–ਲੈਂਗੂਏਜ ਅਸਿੱਸਟੈਂਟਸ (ਐਸ.ਐਲ.ਏ.)** | ਐਸ.ਐਲ.ਪੀ. ਦੀ ਸਿੱਧੀ ਨਿਗਰਾਨੀ ਹੇਠਾਂ ਅਤੇ ਅਧਿਆਪਕਾਂ ਤੋਂ ਪ੍ਰਾਪਤ ਜਾਣਕਾਰੀ ਦੀ ਮਦਦ ਨਾਲ ਇਹ ਕੁੱਝ ਕਰਦਾ/ਕਰਦੀ ਹੈ:<br>• ਬੋਲਣ ਦੀ ਕਾਬਲੀਅਤ ਅਤੇ ਭਾਸ਼ਾ ਦੀ ਮਜ਼ਬੂਤ ਨੀਂਹ ਦੇ ਵਿਕਾਸ ਲਈ ਬੱਚਿਆਂ ਨੂੰ ਲੋੜ ਅਨੁਸਾਰ ਸਹਾਇਤਾ ਪ੍ਰਦਾਨ ਕਰਨਾ। ਐਸ.ਐਲ.ਏ. ਖੇਡਾਂ ਅਤੇ ਹੋਰ ਗਤੀਵਿਧੀਆਂ ਦੀ ਵਰਤੋਂ ਕਰ ਕੇ ਬੱਚਿਆਂ ਲਈ ਵਿਕਾਸ ਨੂੰ ਇਕ ਅਨੰਦਮਈ ਕਿਰਿਆ ਬਣਾਉਂਦੇ ਹਨ<br>• ਸੁਣਨ ਸਬੰਧੀ ਸਕਰੀਨਿੰਗਾਂ (ਟੈਸਟ ਆਦਿ) ਦਾ ਸੰਚਾਲਨ ਕਰਨਾ |
| **ਆਕੂਪੇਸ਼ਨਲ ਥੈਰੇਪਿਸਟਸ (ਓ.ਟੀ.)** | ਬੱਚਿਆਂ ਵਿਚ ਹੇਠ ਦਿੱਤੀਆਂ ਚੀਜ਼ਾਂ ਦੇ ਵਿਕਾਸ ਲਈ ਅਧਿਆਪਕ ਨਾਲ ਮਿਲ ਕੇ ਕੰਮ ਕਰਨਾ:<br>• ਮਹੀਨ ਕੰਮ ਜਿਵੇਂ ਕਿ ਪੈਂਸਿਲ ਫੜਨਾ, ਕੈਂਚੀ ਚਲਾਉਣ ਵਿਚ ਮਹਾਰਤ, ਹੱਥ ਘੁੰਮਾ ਕੇ ਕਰਨ ਵਾਲੇ ਕੰਮ, ਅੱਖਾਂ-ਹੱਥਾਂ ਦਾ ਤਾਲਮੇਲ ਅਤੇ ਅੱਖਰਾਂ ਦੀ ਸਿਰਜਣਾ<br>• ਇਕਾਗਰਤਾ ਅਤੇ ਧਿਆਨ ਦੇਣਾ<br>• ਵਿਵਸਥਾ ਸਬੰਧੀ ਨਿਪੁੰਨਤਾਵਾਂ<br>• ਸਵੈ-ਦੇਖਭਾਲ ਅਤੇ ਜੀਵਨ ਕੁਸ਼ਲਤਾਵਾਂ- ਸੁਤੰਤਰਤਾ ਕੁਸ਼ਲਤਾਵਾਂ<br>• ਵਿਦਿਆਰਥੀਆਂ ਵਾਲੇ ਮਹੌਲ ਵਿਚ ਆਪਸੀ ਮਿਲਵਰਤਨ: ਢਲ ਸਕਣ ਵਾਲਾ ਸਾਜ਼-ਸਮਾਨ ( ਪਹਿਨਣ/ਵਰਤੋਂ ਸਮੇਂ ਨਿਗਰਾਨੀ), ਉਪਲਬਧਤਾ, ਰੱਖਣ ਦੀ ਥਾਂ, ਬਦਲੀਆਂ, ਸਮਾਜਕ ਮੇਲਜੋਲ, ਤਬਦੀਲੀਆਂ<br>• ਐਲਬਰਟਾ ਚਿਲਡਰਨਜ਼ ਹੌਸਪਿਟਲ (ਬੱਚਿਆਂ ਦਾ ਹਸਪਤਾਲ) ਦੀਆਂ ਕਲੀਨਿਕਾਂ/ਪ੍ਰੋਗਰਾਮਾਂ ਨਾਲ ਤਾਲਮੇਲ ਕਰਨਾ<br>• ਸਰੀਰਕ ਵਿਕਾਸ ਸਬੰਧੀ ਮਾਪਿਆਂ ਨੂੰ ਜਾਣਕਾਰੀ ਦੇਣਾ<br>• ਕਲਾਸਰੂਮ ਵਿਚ ਛੋਟੇ ਅਤੇ ਵੱਡੇ ਸਮੂਹਾਂ (ਗਰੁੱਪਾਂ) ਨਾਲ ਕੰਮ ਕਰਨਾ |
| **ਫੀਜ਼ਿਓਥੈਰੇਪਿਸਟ (ਪੀ.ਟੀ.)** | ਬੱਚਿਆਂ ਵਿਚ ਹੇਠ ਦਿੱਤੀਆਂ ਚੀਜ਼ਾਂ ਦੇ ਵਿਕਾਸ ਲਈ ਅਧਿਆਪਕ ਨਾਲ ਮਿਲ ਕੇ ਕੰਮ ਕਰਨਾ:<br>• ਤਾਕਤ ਅਤੇ ਸਹਾਰਨ ਸ਼ਕਤੀ<br>• ਪੱਠਿਆਂ ਜਾਂ ਨਾੜੀਆਂ ਦੀਆਂ ਮਹੀਨ ਨਿਪੁੰਨਤਾਵਾਂ-ਦੌੜਨਾ, ਛਾਲ ਮਾਰਨਾ,ਸੰਤੁਲਨ ਬਣਾਉਣਾ, ਛੜੱਪੇ ਅਤੇ ਪੌੜੀਆਂ ਚੜ੍ਹਨਾ<br>• ਮਹੀਨ ਹਰਕਤ ਲਈ ਯੋਜਨਾ, ਤਾਲਮੇਲ, ਅਤੇ ਸਰੀਰਕ ਸੁਚੇਤਤਾ<br>• ਕਲਾਸਰੂਮ ਵਿਚਲੀਆਂ ਕਾਰਵਾਈਆਂ- ਆਸਣ, ਖਾਲ੍ਹੀ ਥਾਵਾਂ ਵਿਚੋਂ ਲੰਘਣਾ, ਆਪਣੇ ਸਰੀਰ ਦੇ ਆਸਪਾਸ ਵਾਲੀ ਥਾਂ<br>• ਸਰੀਰਕ ਸਿੱਖਿਆ ਦੀਆਂ ਕਲਾਸਾਂ ਵਿਚ ਵਿਦਿਆਰਥੀਆਂ ਨੂੰ ਹੋਰਨਾ ਨਾਲ ਸ਼ਾਮਲ ਕਰਨਾ ਅਤੇ ਖੇਡ ਦੇ ਮੈਦਾਨ ਦੀ ਵਰਤੋਂ ਅਤੇ ਸੁਰੱਖਿਆ<br>• ਐਲਬਰਟਾ ਚਿਲਡਰਨਜ਼ ਹੌਸਪਿਟਲ (ਬੱਚਿਆਂ ਦਾ ਹਸਪਤਾਲ) ਦੀਆਂ ਕਲੀਨਿਕਾਂ/ਪ੍ਰੋਗਰਾਮਾਂ ਨਾਲ ਤਾਲਮੇਲ<br>• ਸਰੀਰਕ ਵਿਕਾਸ ਸਬੰਧੀ ਮਾਪਿਆਂ ਨੂੰ ਜਾਣਕਾਰੀ ਦੇਣਾ<br>• ਕਲਾਸਰੂਮ ਵਿਚ ਛੋਟੇ ਅਤੇ ਵੱਡੇ ਸਮੂਹਾਂ (ਗਰੁੱਪਾਂ) ਨਾਲ ਕੰਮ ਕਰਨਾ |
| **ਥੈਰਿਪੀ ਅਸਿਸਟੈਂਟ (ਟੀ.ਏ.)** | ਪੀ.ਟੀ ਅਤੇ ਓ.ਟੀ. ਦੀਆਂ ਹਦਾਇਤਾਂ ਹੇਠਾਂ ਇਹ ਕੁੱਝ ਕਰਦਾ ਹੈ :<br>• ਬੱਚਿਆਂ ਦੀਆਂ ਸਰੀਰਕ ਨਿਪੁੰਨਤਾਵਾਂ ਦੇ ਵਿਕਾਸ ਲਈ ਕਲਾਸਰੂਮ ਅਧਾਰਤ ਕਾਰਜਨੀਤੀਆਂ ਨਾਲ ਸਹਾਇਤਾ ਕਰਨਾ |

| | |
|---|---|
| **ਐਜੂਕੇਸ਼ਨ ਅਸਿਸਟੈਂਟ (ਈ.ਏ.)** | ਹੇਠ ਦਿੱਤੀਆਂ ਚੀਜ਼ਾਂ ਸਬੰਧੀ ਅਧਿਆਪਕ ਅਤੇ ਪ੍ਰਿੰਸੀਪਲ ਦੀਆਂ ਹਦਾਇਤਾਂ ਅਨੁਸਾਰ ਕੰਮ ਕਰਦੀ/ਕਰਦਾ ਹੈ:<br>• ਬੱਚਿਆਂ ਦੀਆਂ ਸਿੱਖਿਆ ਸਬੰਧੀ ਜ਼ਰੂਰਤਾਂ ਦੀ ਪੂਰਤੀ ਲਈ ਅਧਿਆਪਕ ਦੀ ਮਦਦ ਕਰਨਾ<br>• ਅਧਿਆਪਕ ਅਤੇ ਲਰਨਿੰਗ ਟੀਮ ਦੇ ਦੂਸਰੇ ਸਦੱਸਾਂ ਦੀਆਂ ਹਦਾਇਤਾਂ ਅਨੁਸਾਰ ਕਾਰਜਨੀਤੀਆਂ ਨੂੰ ਲਾਗੂ ਕਰਨਾ<br>• ਛੋਟੇ ਅਤੇ ਵੱਡੇ ਸਮੂਹਾਂ (ਗਰੁੱਪਾਂ) ਅਤੇ ਇਕ ਵਿਦਿਆਰਥੀ ਨਾਲ ਕੰਮ ਕਰਨਾ |
| **ਫੈਮਿਲੀ ਓਰੀਐਂਟਿਡ ਪ੍ਰੋਗਰਾਮਿੰਗ ਫੈਸਿਲੀਟੇਟਰਜ਼ (ਐਫ.ਓ.ਪੀ.) {ਪਰਿਵਾਰਾਂ ਅਨੁਸਾਰ ਸਿੱਖਿਆ ਪ੍ਰੋਗਰਾਮ ਚਲਾਉਣ ਵਾਲੇ ਮਾਹਰ}** | ਅੱਧੇ ਦਿਨ ਵਾਲੇ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਵਾਲੇ ਪਰਿਵਾਰਾਂ ਅਤੇ ਬੱਚਿਆਂ ਦੀ ਪੀ.ਯੂ.ਐਫ. ਕੋਡਾਂ ਨਾਲ ਮਦਦ ਕਰਨਾ:<br>• ਬੱਚੇ ਦੀ ਉੱਨਤੀ ਲਈ ਕਾਰਜਨੀਤੀਆਂ ਅਤੇ ਉਦੇਸ਼ਾਂ ਦੇ ਸਹਾਰੇ ਲਈ ਪਰਿਵਾਰਾਂ ਅਤੇ ਸਕੂਲਾਂ ਨਾਲ ਤਾਲਮੇਲ ਕਰਨਾ<br>• ਪਰਿਵਾਰ ਦੀਆਂ ਜ਼ਰੂਰਤਾਂ ਅਨੁਸਾਰ ਬਣਾਈਆਂ ਗਈਆਂ ਸਾਮੂਹਿਕ ਅਤੇ ਨਿੱਜੀ ਬੈਠਕਾਂ ਦੀ ਯੋਜਨਾ ਬਣਾਉਣਾ ਅਤੇ ਲਾਗੂ ਕਰਨਾ<br>• ਇਕ ਕਾਮਯਾਬ ਵਿਦਿਆਰਥੀ ਬਣਨ ਲਈ ਨਿਪੁੰਨਤਾਵਾਂ ਦੇ ਵਿਕਾਸ ਵਿਚ ਆਪਣੇ ਬੱਚੇ ਦੀ ਮਦਦ ਕਰਨ ਲਈ ਮਾਪਿਆਂ ਦੀ ਕੋਚਿੰਗ ਕਰਨਾ<br>• ਘਰੇਲੂ ਅਤੇ ਸਕੂਲੀ ਮਹੌਲ ਵਿਚ ਆਪਸੀ ਗੱਲਬਾਤ, ਅੱਖਰ ਗਿਆਨ, ਸੁਤੰਤਰਤਾ, ਉਸਾਰੂ ਵਤੀਰੇ, ਬੋਧ, ਮਹੀਨ ਅਤੇ ਮੋਟੇ ਕੰਮਾਂ ਲਈ ਹੱਥਾਂ ਦੇ ਪੱਠਿਆਂ ਅਤੇ ਨਾੜੀਆਂ ਦੇ ਵਿਕਾਸ ਅਤੇ ਸਮਾਜਕ ਨਿਪੁੰਨਤਾਵਾਂ ਦੇ ਵਿਕਾਸ ਵਿਚ ਸਹਾਇਤਾ ਕਰਨਾ |
| **ਸਕੂਲ ਫੈਮਿਲੀ ਲਾਇਜ਼ਨ (ਐਸ.ਐਫ.ਐਲ.) {ਪਰਿਵਾਰ ਨਾਲ ਮੇਲ-ਮਿਲਾਪ ਕਰਨ ਵਾਲਾ ਸਕੂਲ ਦਾ ਸਟਾਫ}** | ਹੇਠ ਦਿੱਤੀਆਂ ਕਾਰਵਾਈਆਂ ਕਰ ਕੇ ਬੱਚਿਆਂ ਅਤੇ ਸਕੂਲਾਂ ਦੀ ਸਹਾਇਤਾ ਕਰਦਾ ਹੈ:<br>• ਕੈਲਗਰੀ ਬੋਰਡ ਔਫ ਐਜੂਕੇਸ਼ਨ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਹਾਇਤਾਵਾਂ ਨੂੰ ਭਾਲਣ ਲਈ ਪਰਿਵਾਰਾਂ ਨੂੰ ਉਪਲਬਧ ਸੰਪਰਕਾਂ ਬਾਰੇ ਦੱਸਦਾ ਹੈ।<br>• ਪਰਿਵਾਰਾਂ ਨੂੰ ਕਮਿਊਨਿਟੀ ਦੇ ਤਾਣੇ ਬਾਣੇ ਅਤੇ ਸਹਾਇਤਾਵਾਂ ਨਾਲ ਜੋੜਦਾ ਹੈ।<br>• ਪਰਿਵਾਰਾਂ, ਸਕੂਲਾਂ, ਨੀਤੀ ਬਣਾਉਣ ਵਾਲੇ ਅਤੇ ਐਫ.ਓ.ਪੀ. ਫੈਸਿਲੀਟੇਟਰਜ਼ ਵਿਚਕਾਰ ਮੇਲ-ਮਿਲਾਪ ਸਥਾਪਤ ਕਰਦੇ ਹਨ। |